ਦਫਤਰ ਡਾਇਰੈਕਟਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਛੇਵੀਂ ਮੰਜ਼ਿਲ, ਬਲਾਕ-ਈ, ਪੰ.ਸ.ਸਿੱ.ਬੋ. ਕੰਪਲੈਕਸ, ਫੇਜ਼-8, ਐਸ.ਏ.ਐਸ.ਨਗਰ (ਪੰਜਾਬ)

2024 | 51316
ਜੀ-1 19/4/2024

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ.),
ਪੰਜਾਬ।

ਮੀਮੋ ਨੰ: 49-50/2024/G&C
ਮਿਤੀ: 19.04.2024

ਵਿਸ਼ਾ: ਵਿੱਦਿਅਕ ਸੈਸ਼ਨ 2024-25 ਲਈ ਸੀਨੀਅਰ ਸੈਕੰਡਰੀ/ਹਾਈ ਸਕੂਲਾਂ ਵਿੱਚ ਕੈਰੀਅਰ ਗਾਈਡੈਂਸ ਗਤੀਵਿਧੀਆਂ ਕਰਵਾਉਣ ਸੰਬੰਧੀ।

ਹਵਾਲਾ: ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ ਦੇ ਪੱਤਰ ਨੰ 42-43/2024/G&C ਮਿਤੀ 22-03-2024 ਦੇ ਸੰਬੰਧ ਵਿੱਚ।

1.0 ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਮੁੜ ਤੋਂ ਲਿਖਿਆ ਜਾਂਦਾ ਹੈ ਕਿ ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ (ਸੈ.ਸਿੱ.)ਵੱਲੋਂ ਯਕੀਨੀ ਬਣਾਇਆ ਜਾਵੇ ਕਿ ਸਮੂਹ ਸੈਕੰਡਰੀ/ਹਾਈ ਸਕੂਲਾਂ ਵਿੱਚ ਕਮੇਟੀ ਦਾ ਗਠਨ ਕਰ ਲਿਆ ਗਿਆ ਹੈ।

2.0 ਅਪਰੈਲ ਮਹੀਨੇ ਦੀ ਦੂਸਰੀ ਗਤੀਵਿਧੀ ਅਨੁਸਾਰ ਜੇਕਰ ਸਕੂਲਾਂ ਵਿੱਚ ਗਾਈਡੈਂਸ ਰੂਮ ਨਹੀਂ ਹੈ ਤਾਂ ਲਾਇਬ੍ਰੇਰੀ ਜਾਂ ਕਿਸੇ ਖਾਲੀ ਪਏ ਕਮਰੇ ਨੂੰ ਗਾਈਡੈਂਸ ਰੂਮ ਬਣਾਇਆ ਜਾਵੇ ਅਤੇ ਜੇਕਰ ਪਹਿਲਾਂ ਤੋਂ ਹੀ ਸਕੂਲ ਵਿੱਚ ਗਾਈਡੈਂਸ ਰੂਮ ਉਪਲੱਬਧ ਹੈ ਤਾਂ ਉਸਨੂੰ ਅਪਡੇਟ ਕੀਤਾ ਜਾਵੇ।

3.0 ਅਪਰੈਲ ਮਹੀਨੇ ਦੀ ਤੀਸਰੀ ਗਤੀਵਿਧੀ ਅਨੁਸਾਰ ਸਾਰੀ ਗਤੀਵਿਧੀਆਂ ਦਾ ਰਿਕਾਰਡ ਰੱਖਣ ਲਈ ਗਤੀਵਿਧੀ ਰਜਿਸਟਰ ਲਗਾਉਣਾ ਯਕੀਨੀ ਬਣਾਇਆ ਜਾਵੇ ਜੀ।

4.0 ਅਪਰੈਲ ਮਹੀਨੇ ਦੀ ਚੌਥੀ ਗਤੀਵਿਧੀ ਅਨੁਸਾਰ 10 ਵੀਂ ਅਤੇ 12 ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਅਗਲੀ ਕਲਾਸ ਵਿੱਚ ਦਾਖਲਾ ਲੈਣ ਲਈ ਸਟਰੀਮ ਦੀ ਚੋਣ ਕਰਨ ਸਬੰਧੀ ਗਾਈਡ ਕਰਨ ਲਈ ਸਾਰੇ ਸਕੂਲਾਂ ਵਿੱਚ ਹੈਲਪ ਡੈਸਕ ਲਗਾਉਣਾ ਯਕੀਨੀ ਬਣਾਇਆ ਜਾਵੇ।

5.0 ਵਿੱਦਿਅਕ ਸੈਸ਼ਨ 2024-25 ਦੌਰਾਨ ਸਕੂਲਾਂ ਵਿੱਚ ਅਪਰੈਲ ਮਹੀਨੇ ਵਿੱਚ ਗਾਈਡੈਂਸ ਅਤੇ ਕੈਰੀਅਰ ਕਾਉਂਸਲਿੰਗ ਸਬੰਧੀ ਗਤੀਵਿਧੀਆਂ ਜ਼ਿਲ੍ਹਾ ਗਾਈਡੈਂਸ ਕਾਉਂਸਲਰਾਂ ਦੀ ਦੇਖ-ਰੇਖ ਅਧੀਨ ਕਰਵਾਉਣ ਲਈ ਅਤੇ ਸਕੂਲਾਂ ਵਿੱਚ ਮਹੀਨਾਵਾਰ ਗਤੀਵਿਧੀਆਂ ਕਰਵਾਉਣ ਲਈ ਸਮੂਹ ਸੈਕੰਡਰੀ/ਹਾਈ ਸਕੂਲਾਂ ਦੇ ਪ੍ਰਿੰਸੀਪਲਾਂ/ਮੁਖੀਆਂ ਨੂੰ ਪੱਤਰ ਭੇਜ ਕੇ ਹਦਾਇਤ ਕੀਤੀ ਜਾਵੇ।

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿਠ ਅੰਕਣ ਨੰ :ਜੀ-1/1 ( )2024 | 9006 ਮਿਤੀ: 19/04/2024

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ , ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ -ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।

6.0 ਉਕਤ ਕੈਰੀਅਰ ਗਾਈਡੈਂਸ ਗਤੀਵਿਧੀਆਂ ਦੀ ਮੋਨੀਟਰਿੰਗ ਲਈ ਜ਼ਿਲ੍ਹਾ ਗਾਈਡੈਂਸ ਕਾਉਂਸਲਰ ਆਪਣੀ ਸੁਵਿਧਾ ਅਨੁਸਾਰ ਮਹੀਨੇ ਵਿੱਚ ਘੱਟੋ-ਘੱਟ 2 ਵਾਰ ਸਕੂਲਾਂ ਦੀ ਵਿਜ਼ਟ ਕਰਨਗੇ ਅਤੇ ਹਰ 2 ਮਹੀਨੇ ਬਾਅਦ 4 ਵਾਰ ਵਿਜ਼ਟ ਕੀਤੇ ਸਕੂਲਾਂ ਦੇ ਨਾਮ ਅਤੇ ਮਿਤੀ ਸਮੇਤ ਰਿਪੋਰਟ ਤਿਆਰ ਕਰਕੇ ਮੁੱਖ ਦਫ਼ਤਰ ਦੀ ਗਾਈਡੈਂਸ ਐਂਡ ਕਰੀਅਰ ਕਾਊਂਸਲਿੰਗ ਸ਼ਾਖਾ ਨੂੰ ਉਕਤ ਈ.ਮੇਲ ਰਾਹੀਂ ਸਮੇਂ ਸਿਰ ਭੇਜਣਗੇ।

7.0 ਉਕਤ ਤੋਂ ਇਲਾਵਾ ਦਸੰਬਰ, ਜਨਵਰੀ, ਅਤੇ ਫਰਵਰੀ 2024 ਮਹੀਨਿਆਂ ਦੀਆਂ ਗਤੀਵਿਧੀਆਂ ਦੀ ਤਿਮਾਹੀ ਰਿਪੋਰਟ 26 ਅਪਰੈਲ, 2024 ਤੱਕ scertguidancecounselling@gmail.com ਤੇ ਭੇਜਣੀ ਯਕੀਨੀ ਬਣਾਈ ਜਾਵੇ।

ਸਹਾਇਕ ਡਾਇਰੈਕਟਰ
(ਗਾਈਡੈਂਸ ਐਂਡ ਕਰੀਅਰ ਕਾਊਂਸਲਿੰਗ)

ਪਿਠਅੰਕਣ ਨੰ: ਉਹੀ  ਮਿਤੀ: 19.04.2024

ਉਪਰੋਕਤ ਦਾ ਉਤਾਰਾ ਸਮੂਹ ਜ਼ਿਲ੍ਹਾ ਗਾਈਡੈਂਸ ਕਾਉਂਸਲਰ, ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸਹੀ/-
ਸਹਾਇਕ ਡਾਇਰੈਕਟਰ
(ਗਾਈਡੈਂਸ ਐਂਡ ਕਰੀਅਰ ਕਾਊਂਸਲਿੰਗ)